# ਰਾਜ ਵਿੱਦਿਅਕ ਖੋਜ ਅਤੇ ਸਿਖਲਾਈ ਪ੍ਰੀਸ਼ਦ, ਪੰਜਾਬ

ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈਕਸ, ਵਿੱਦਿਆ ਭਵਨ, ਬਲਾਕ-ਈ, ਛੇਵੀਂ ਮੰਜ਼ਿਲ, ਫੇਜ਼-8 ਮੋਹਾਲੀ

ਵੱਲ,

(1) ਸਮੂਹ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ.)
(2) ਸਮੂਹ ਪ੍ਰਿੰਸੀਪਲ (ਸੀਨੀਅਰ ਸੈਕੰਡਰੀ -ਸਾਇੰਸ ਗਰੁੱਪ ਫੰਕਸ਼ਨਲ ਸਕੂਲ), ਪੰਜਾਬ, (ਵੈਬਸਾਈਟ ਰਾਹੀਂ)
(3) ਸਮੂਹ ਪੀ.ਡੀ.ਐਮ. (ਪ੍ਰਿੰਸੀਪਲ ਜ਼ਿਲ੍ਹਾ ਮੈਂਟਰ)- ਫਿਜ਼ਿਕਸ, ਕਮਿਸਟਰੀ, ਬਾਇਓ ਅਤੇ ਮੈਥ (ਵੈਬਸਾਈਟ ਰਾਹੀਂ)
(4) ਸਮੂਹ ਪ੍ਰਿੰਸੀਪਲ-ਮੈਰੀਟੋਰੀਅਸ ਸਕੂਲ ਅਤੇ ਸਕੂਲ ਆਫ ਐਮੀਨੈਂਸ (ਵੈਬਸਾਈਟ ਰਾਹੀਂ)

ਮੀਮੋ ਨੰ. 2024116649 ਮਿਤੀ 9/5/2024

ਵਿਸ਼ਾ: ਸਾਲ 2024-25 ਵਿੱਚ ਪੰਜਾਬ ਰਾਜ ਦੇ ਸਕੂਲਾਂ ਦੇ 11ਵੀਂ ਅਤੇ 12ਵੀਂ ਜਮਾਤ ਦੇ ਸਾਇੰਸ / ਮੈਥ ਵਿਸ਼ੇ ਦੇ ਵਿਦਿਆਰਥੀਆਂ ਲਈ JEE Mains / NEET ਦੀ ਪ੍ਰਤੀਯੋਗੀ ਪ੍ਰੀਖਿਆ ਦੀ ਤਿਆਰੀ ਕਰਵਾਉਣ ਲਈ Government of India, Ministry of Education, Department of School Education& Literacy ਵਲੋਂ SATHEE App ਨਾਲ ਸਬੰਧਤ Online Education ਪ੍ਰੋਗਰਾਮ ਦੀ ਸ਼ੁਰੂਆਤ ਕਰਨ ਸਬੰਧੀ।

ਹਵਾਲਾ: SATHEE Project ਨਾਲ ਸਬੰਧਤ ਪ੍ਰਾਪਤ ਪੱਤਰ ਅਤੇ ਦਫ਼ਤਰ ਦੇ ਪੱਤਰ ਨੰ. 646927/202461988 Dated 05-03-24 ਦੀ ਲਗਾਤਾਰਤਾ ਵਿੱਚ।

**ਉਪਰੋਕਤ ਵਿਸ਼ੇ ਅਤੇ ਹਵਾਲਾ ਅਧੀਨ ਪੱਤਰ ਵੱਲ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ।**

1.0 ਇਥੇ ਦੱਸਿਆ ਜਾਂਦਾ ਹੈ ਕਿ ਇਸ SATHEE ਪ੍ਰੋਜੈਕਟ ਵਿੱਚ ਫਿਜ਼ਿਕਸ, ਕਮਿਸਟਰੀ, ਬਾਇਓ ਅਤੇ ਮੈਥ ਵਿਸ਼ੇ ਦੇ ਵੀਡਿਓ ਲੈਕਚਰ, ਸਟੱਡੀ ਮਟੀਰੀਅਲ, ਪ੍ਰੈਕਟਿਸ ਲਈ ਪ੍ਰਸ਼ਨ-ਉੱਤਰ, ਆਨਲਾਈਨ ਕਲਾਸਿਜ਼, ਮੋਬਾਈਲ ਐਪ ਆਦਿ ਉਪਲਬਧ ਹੈ। ਹਰ ਵੈਬੀਨਾਰ ਰਾਹੀਂ ਦੱਸਿਆ ਜਾਵੇਗਾ ਕਿ ਇਮਤਿਹਾਨ ਕਿਵੇਂ ਪਾਸ ਕਰਨਾ ਹੈ ਜਾਂ ਸਵਾਲਾਂ ਨੂੰ ਕਿਵੇਂ ਹੱਲ ਕਰਨਾ ਹੈ। AI based chatbot ਰਾਹੀਂ ਪ੍ਰਸ਼ਨਾਂ ਦੇ ਜਵਾਬ ਦਿੱਤੇ ਜਾਣਗੇ, ਡਾਊਟ ਕਲੀਅਰ ਸੈਸ਼ਨ ਹੋਣਗੇ ਅਤੇ ਰੈਗੂਲਰ ਮੌਕ ਟੈਸਟ ਹੋਣਗੇ। ਆਈ.ਆਈ.ਟੀ. ਕਾਨਪੁਰ ਅਤੇ AIIMS ਦੇ ਵਿਦਿਆਰਥੀਆਂ ਵਲੋਂ ਇਸ SATHEE ਐਪ / ਪ੍ਰੋਜੈਕਟ ਦੀ ਮੈਂਟਰਸ਼ਿਪ ਦਿੱਤੀ ਜਾ ਰਹੀ ਹੈ।

2.0 ਸਾਲ 2023-24 ਵਿੱਚ ਇਸ ਪ੍ਰੋਗਰਾਮ ਤਹਿਤ 12ਵੀਂ ਜਮਾਤ ਦੇ ਵਿਦਿਆਰਥੀਆਂ ਲਈ JEE MAINS / NEET ਦੀ ਤਿਆਰੀ ਲਈ 20 ਮਾਰਚ ਤੋਂ ਕ੍ਰੈਸ਼ ਕੋਰਸ ਅਤੇ live ਕਲਾਸਾਂ ਲਗਾਈਆਂ ਜਾ ਚੁਕੀਆਂ ਹਨ।

3.0 ਸੈਸ਼ਨ 2024-25 ਵਿੱਚ 11ਵੀਂ ਅਤੇ 12ਵੀਂ ਜਮਾਤ ਵਿੱਚ ਪੜ੍ਹ ਰਹੇ ਸਮੂਹ ਵਿਦਿਆਰਥੀਆਂ ਨੂੰ ਪ੍ਰਤੀਯੋਗੀ ਪ੍ਰੀਖਿਆਵਾਂ ਦੀ ਤਿਆਰੀ ਲਈ SATHEE ਪ੍ਰੋਗਰਾਮ ਚਲ ਰਹੀਆਂ live classes ਬਾਰੇ ਜ਼ਿਲ੍ਹੇ ਦੇ PDMs, ਸੀਨੀਅਰ ਸੈਕੰਡਰੀ ਸਾਇੰਸ ਗਰੁੱਪ ਫੰਕਸ਼ਨਲ ਸਕੂਲ, Meritorious School / SOE ਦੇ ਪ੍ਰਿੰਸੀਪਲਜ਼ ਤੁਰੰਤ ਸੂਚਿਤ ਕਰਨਾ ਯਕੀਨੀ ਬਣਾਉਣਗੇ ਤਾਂ ਜੋ ਵੱਧ ਤੋਂ ਵੱਧ ਵਿਦਿਆਰਥੀ ਇਸ ਪ੍ਰੋਗਰਾਮ ਦਾ ਲਾਹਾ ਲੈ ਸਕਣ ਅਤੇ ਚੰਗੇ ਮੈਡੀਕਲ/ਇੰਜੀਨੀਅਰਿੰਗ ਕਾਲਜਾਂ ਅਤੇ ਕੋਰਸਾਂ ਵਿੱਚ ਦਾਖਲਾ ਲੈ ਸਕਣ।

4.0 ਇਸ SATHEE ਐਪ/ਪ੍ਰੋਜੈਕਟ ਦੀ ਵਧੇਰੇ ਜਾਣਕਾਰੀ https://sathee.prutor.ai/ ਤੇ ਉਪਲੱਬਧ ਹੈ।

5.0 ਵਿਦਿਆਰਥੀਆਂ ਦੀ ਰਜਿਸਟ੍ਰੇਸ਼ਨ ਕਰਨ ਲਈ ਅਤੇ ਇਸ ਪ੍ਰੋਗਰਾਮ ਨੂੰ ਸੁਚਾਰੂ ਢੰਗ ਨਾਲ ਚਲਾਉਣ ਲਈ ਜ਼ਿਲ੍ਹਾ ਸਿੱਖਿਆ ਅਫਸਰ ਵਲੋਂ ਹਰੇਕ ਸਾਇੰਸ ਗਰੁੱਪ ਫੰਕਸ਼ਨਲ ਸੀਨੀਅਰ ਸੈਕੰਡਰੀ ਸਕੂਲਾਂ ਵਿੱਚ ਕੰਮ ਕਰ ਰਹੇ ਫਿਜ਼ਿਕਸ, ਕੈਮਿਸਟਰੀ, ਬਾਇਓਲੋਜੀ ਅਤੇ ਮੈਥ ਲੈਕਚਰਾਰਾਂ ਵਿੱਚੋਂ ਕਿਸੇ ਇੱਕ ਨੂੰ ਸਕੂਲ ਦਾ ਨੋਡਲ ਅਫਸਰ (SPOC) ਨਿਯੁਕਤ ਕਰ ਦਿੱਤਾ ਗਿਆ ਹੈ। ਹਰੇਕ ਜ਼ਿਲ੍ਹੇ ਵਿੱਚ ਬਤੌਰ ਪ੍ਰਿੰਸੀਪਲ ਜ਼ਿਲ੍ਹਾ ਮੈਂਟਰ (ਪੀ.ਡੀ.ਐਮ.) ਫਿਜ਼ਿਕਸ, ਕਮਿਸਟਰੀ, ਬਾਇਓ, ਮੈਥ ਕੰਮ ਕਰ ਰਹੇ ਪ੍ਰਿੰਸੀਪਲ ਵਿੱਚੋਂ ਕਿਸੇ ਇਕ ਪੀ.ਡੀ.ਐਮ. ਨੂੰ ਜ਼ਿਲ੍ਹੇ ਦਾ ਨੋਡਲ ਅਫਸਰ SPOC (Single Point of Contact) ਨਿਯੁਕਤ ਕਰ ਦਿੱਤਾ ਗਿਆ ਹੈ।



Scanned with ACE Scanner

Scanned with OKEN Scanner